# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 08-06-2025**

- ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਏ ਕਿ ਖੇਤੀਬਾੜੀ ਸੈਕਟਰ ਦੇ ਵਿਕਾਸ ਲਈ ਆਸਾਨੀ ਨਾਲ ਕਾਸ਼ਤ ਕੀਤੇ ਜਾਣ ਵਾਲੇ ਫਲਾਂ ਅਤੇ ਫਸਲਾਂ ਦੀ ਭਿੰਨਤਾ ਜ਼ਰੂਰੀ ਏ।
- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਅੰਮ੍ਰਿਤਸਰ 'ਚ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕ ਵੱਲੋਂ ਮੁਆਫ਼ ਕੀਤੇ ਗਏ ਕਰਜ਼ਿਆਂ ਦੇ ਲਾਭਪਾਤਰੀਆਂ ਨੂੰ ਕਰਜ਼ਾ ਮੁਆਫ਼ੀ ਪ੍ਰਮਾਣ ਪੱਤਰ ਵੰਡੇ।
- ਆਕਾਸ਼ਵਾਣੀ ਨੇ ਅੱਜ ਆਪਣੇ 90 ਸਾਲ ਪੂਰੇ ਕਰ ਲਏ ਨੇ.
- ਪੰਜਾਬ ਸਰਕਾਰ ਦਾ ਕਿਰਤ ਵਿਭਾਗ 100 ਫ਼ੀਸਦੀ ਹੋਇਆ ਆਨਲਾਈਨ.
- ਮੌਸਮ ਵਿਭਾਗ ਨੇ ਅਗਲੇ 5 ਤੋਂ 6 ਦਿਨਾਂ ਦੌਰਾਨ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਲੂਅ ਚਲਣ ਦੀ ਪੇਸ਼ੀਨਗੋਈ ਕੀਤੀ ਏ।

-----------------------------------------------------

ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਏ ਕਿ ਖੇਤੀਬਾੜੀ ਸੈਕਟਰ ਦੇ ਵਿਕਾਸ ਲਈ ਆਸਾਨੀ ਨਾਲ ਕਾਸ਼ਤ ਕੀਤੇ ਜਾਣ ਵਾਲੇ ਫਲਾਂ ਅਤੇ ਫਸਲਾਂ ਦੀ ਭਿੰਨਤਾ ਜ਼ਰੂਰੀ ਏ। 'ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ' ਦੇ ਹਿੱਸੇ ਵਜੋਂ ਬੰਗਲੁਰੂ ਦੇ ਆਪਣੇ ਦੌਰੇ ਦੌਰਾਨ ਬੋਲਦਿਆਂ ਸ੍ਰੀ ਚੌਹਾਨ ਨੇ ਡ੍ਰੈਗਨਫਰੂਟ ਦੀ ਕਾਸ਼ਤ ਦੇ ਫਾਇਦਿਆਂ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਡ੍ਰੈਗਨਫਰੂਟ ਦੀ ਖੇਤੀ ਲਈ ਰਸਾਇਣਕ ਖਾਦਾਂ ਦੀ ਲੋੜ ਨਹੀਂ ਹੁੰਦੀ, ਕਿਉਂਕਿ ਗੋਬਰ ਦੀ ਖਾਦ ਕਾਫ਼ੀ ਹੁੰਦੀ ਏ, ਜਿਸ ਨਾਲ ਇਹ ਇੱਕ ਜੈਵਿਕ ਫਸਲ ਬਣ ਜਾਂਦੀ ਏ। ਮੰਤਰੀ ਨੇ ਅੱਗੇ ਦੱਸਿਆ ਕਿ ਡ੍ਰੈਗਨਫਰੂਟ, ਕੈਕਟਸ ਪਰਿਵਾਰ ਦਾ ਇੱਕ ਮੈਂਬਰ ਏ , ਜਿਸ ਨੂੰ ਬਿਮਾਰੀਆਂ ਦਾ ਘੱਟ ਖ਼ਤਰਾ ਹੁੰਦਾ ਏ, ਤੇ ਇਸ ਨਾਲ ਉਤਪਾਦਨ ਦੀ ਲਾਗਤ ਘੱਟ ਜਾਂਦੀ ਏ ਅਤੇ ਕਿਸਾਨ ਕਾਸ਼ਤ ਦੇ ਪਹਿਲੇ ਸਾਲ ਤੋਂ ਬਾਅਦ ਸਾਲਾਨਾ 6-7 ਲੱਖ ਰੁਪਏ ਦਾ ਮੁਨਾਫ਼ਾ ਕਮਾ ਸਕਦੇ ਨੇ.

-----------------------------------------------------

ਭਾਰਤ ਵਿਚ ਸੇਵਾ, ਸੁਸ਼ਾਸਨ ਅਤੇ ਗਰੀਬਾਂ ਦੀ ਭਲਾਈ ਦੇ ਸਿਧਾਂਤਾਂ ਸਦਕਾ ਇੱਕ ਦਹਾਕੇ ਵਿਚ ਸ਼ਾਨਦਾਰ ਤਬਦੀਲੀ ਆਈ ਏ. ਪਿਛਲੇ 11 ਸਾਲਾਂ ਵਿਚ ਮੁਖ ਖੇਤਰਾਂ 'ਚ ਸਰਕਾਰ ਦੇ ਉਪਰਾਲਿਆਂ ਬਾਰੇ

ਆਕਾਸ਼ਵਾਣੀ ਖਬਰਾਂ ਵਲੋਂ ਇੱਕ ਵਿਸ਼ੇਸ਼ ਲੜੀ ਪੇਸ਼ ਕੀਤੀ ਜਾ ਰਹੀ ਏ. ਅੱਜ, ਅਸੀਂ ਈਜ਼ ਆਫ ਲਿਵਿੰਗ ਭਾਵ ਜੀਵਨ ਜਿਉਣ ਦੀ ਆਸਾਨੀ' ਤੇ ਵਿਚਾਰ ਕਰ ਰਹੇ ਹਾਂ, ਕਿਵੇਂ ਸੁਧਾਰਾਂ ਅਤੇ ਪਹਿਲਕਦਮੀਆਂ ਨੇ ਹਰ ਨਾਗਰਿਕ ਲਈ ਰੋਜ਼ਾਨਾ ਜੀਵਨ ਨੂੰ ਸਰਲ, ਵਧੇਰੇ ਸੁਰੱਖਿਅਤ ਅਤੇ ਵਧੇਰੇ ਸਨਮਾਨਜਨਕ ਬਣਾਇਆ ਏ.

**(V/C)**

*ਪਿਛਲੇ ਦਹਾਕੇ ਤੋਂ ਮੱਧ ਵਰਗ ਦੇ ਰੋਜ਼ਾਨਾ ਜੀਵਨ ਨੂੰ ਬਿਹਤਰ ਬਣਾਉਣਾ, ਸ਼ਾਸਨ ਦੇ ਕੇਂਦਰ ਵਿਚ ਰਿਹਾ ਏ. ਰਿਹਾਇਸ਼ ਅਤੇ ਸਿਹਤ ਸੰਭਾਲ ਤੋਂ ਲੈ ਕੇ ਸ਼ਹਿਰੀ ਆਵਾਜਾਈ ਅਤੇ ਡਿਜੀਟਲ ਪਹੁੰਚ ਤੱਕ, ਸਰਕਾਰ ਨੇ ਮੱਧ ਵਰਗ ਲਈ ਜੀਵਨ ਨੂੰ ਸਰਲ, ਵਧੇਰੇ ਸੁਰੱਖਿਅਤ ਅਤੇ ਵਧੇਰੇ ਆਸਾਨ ਬਣਾਉਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਨੇ. ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) ਤਹਿਤ, 1 ਕਰੋੜ 16 ਲਖ ਤੋਂ ਵੱਧ ਘਰ ਮਨਜ਼ੂਰ ਕੀਤੇ ਗਏ ਨੇ, ਅਤੇ ਲਗਭਗ 93 ਲੱਖ ਘਰ ਪਹਿਲਾਂ ਹੀ ਪੂਰੇ ਹੋ ਚੁਕੇ ਨੇ। ਸਮਾਰਟ- ਸਿਟੀਜ਼ ਮਿਸ਼ਨ ਨੇ, 7 ਹਜ਼ਾਰ 545 ਪ੍ਰਵਾਨਿਤ ਪ੍ਰੋਜੈਕਟਾਂ ਵਿੱਚੋਂ, 93 ਫੀਸਦੀ ਤੋਂ ਵੱਧ ਦੇ ਪੂਰੇ ਹੋਣ ਨਾਲ ਬੁਨਿਆਦੀ ਢਾਂਚੇ ਨੂੰ ਬਦਲ ਦਿੱਤਾ ਏ। ਮੈਟਰੋ ਨੈੱਟਵਰਕ, ਜੋ ਕਿ 2014 ਵਿੱਚ ਸਿਰਫ 248 ਕਿਲੋਮੀਟਰ ਸੀ, ਇੱਕ ਦਹਾਕੇ ਵਿੱਚ ਚੌਗੁਣਾ ਹੋ ਕੇ 2025 ਵਿੱਚ 1,ਹਜ਼ਾਰ ਕਿਲੋਮੀਟਰ ਤੋਂ ਵੱਧ ਹੋ ਗਿਆ ਏ। ਜਦੋਂ ਕਿ*

ਉਡਾਨ ਸਕੀਮ ਨੇ ਆਮ ਲੋਕਾਂ ਲਈ ਹਵਾਈ ਯਾਤਰਾ ਨੂੰ ਕਿਫਾਇਤੀ ਅਤੇ ਪਹੁੰਚਯੋਗ ਬਣਾਇਆ ਏ, 88 ਹਵਾਈ ਅੱਡਿਆਂ ਨੂੰ 625 ਰੂਟਾਂ ਰਾਹੀਂ ਜੋੜਿਆ ਗਿਆ ਏ। ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ, ਜਨਤਕ ਤੌਰ 'ਤੇ ਫੰਡ ਪ੍ਰਾਪਤ, ਦੁਨੀਆ ਦੀਆਂ ਸਭ ਤੋਂ ਵੱਡੀਆਂ ਸਿਹਤ ਬੀਮਾ ਯੋਜਨਾਵਾਂ ਵਿੱਚੋਂ ਇੱਕ ਵਜੋਂ ਉਭਰੀ ਏ, ਜਿਥੇ 41 ਕਰੋੜ ਤੋਂ ਵੱਧ ਆਯੁਸ਼ਮਾਨ ਕਾਰਡ ਜਾਰੀ ਕੀਤੇ ਗਏ ਨੇ. 16 ਹਜ਼ਾਰ ਤੋਂ ਵੱਧ ਜਨ ਔਸ਼ਧੀ ਕੇਂਦਰਾਂ ਨਾਲ ਵਧੀਆ ਗੁਣਵੱਤਾ ਵਾਲੀਆਂ ਦਵਾਈਆਂ 80 ਫੀਸਦੀ ਤੱਕ ਸਸਤੀਆਂ ਹੋ ਗਈਆਂ ਨੇ ਅਤੇ ਜ਼ਰੂਰੀ ਦਵਾਈਆਂ ਆਮ ਨਾਗਰਿਕ ਦੀ ਪਹੁੰਚ ਵਿੱਚ ਆ ਗਈਆਂ ਨੇ. DigiLocker ਵਰਗੇ ਪਲੇਟਫਾਰਮਾਂ ਨੇ ਆਪਣੇ ਨਿਜੀ ਦਸਤਾਵੇਜਾਂ ਦੀਆਂ ਕਾਪੀਆਂ ਲੈ ਕੇ ਜਾਣ ਜਾਂ ਜਮ੍ਹਾਂ ਕਰਨ ਦੀ ਜ਼ਰੂਰਤ ਨੂੰ ਘਟਾ ਦਿੱਤਾ ਏ. 52 ਕਰੋੜ ਤੋਂ ਵੱਧ USERS ਨੇ ਇਸ 'ਤੇ ਸਾਈਨ ਅੱਪ ਕੀਤਾ ਏ - ਜੋ ਕਿ ਇਸ ਸੇਵਾ ਦੀ ਉਪਯੋਗਤਾ ਨੂੰ ਦਰਸਾਉਂਦਾ ਏ. 8 ਕਰੋੜ ਤੋਂ ਵੱਧ ਵਰਤੋਂਕਾਰਾਂ ਨਾਲ, ਉਮੰਗ ਐਪ 200 ਤੋਂ ਵੱਧ ਵਿਭਾਗਾਂ ਦੀਆਂ ਸੇਵਾਵਾਂ ਇੱਕ ਥਾਂ 'ਤੇ ਪ੍ਰਦਾਨ ਕਰਦੀ ਏ. ਆਧਾਰ, ਜੋ ਹੁਣ 141 ਕਰੋੜ ਤੋਂ ਵੱਧ ਨਾਗਰਿਕਾਂ ਨੂੰ ਕਵਰ ਕਰਦਾ ਏ, ਭਲਾਈ ਸਕੀਮਾਂ ਰਾਹੀਂ ਡਿਲੀਵਰੀ ਨੂੰ ਸੁਚਾਰੂ ਬਣਾਉਣਾ ਜਾਰੀ ਏ। ਇਹ ਪਹਿਲਕਦਮੀਆਂ ਰਲ ਕੇ ਭਾਰਤ ਦੇ ਵਧ ਰਹੇ ਮੱਧ ਵਰਗ ਨੂੰ ਮਾਣ, ਸਹੂਲਤ ਅਤੇ ਵਿਸ਼ਵਾਸ

*ਵਾਲਾ ਜੀਵਨ ਪ੍ਰਦਾਨ ਕਰਨ ਨੂੰ ਯਕੀਨੀ ਬਣਾਉਂਦੀਆਂ ਨੇ. ਬਿਊਰੋ ਰਿਪੋਰਟ ਨਾਲ ਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਲਈ ਮੈਂ ਕਾਜਲ*

---------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਅੰਮ੍ਰਿਤਸਰ ਵਿਖੇ ਇੱਕ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਦਿਆਂ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕ (ਪਾਸਕਾਰਡ) ਵੱਲੋਂ ਮੁਆਫ਼ ਕੀਤੇ ਗਏ ਕਰਜ਼ਿਆਂ ਦੇ ਲਾਭਪਾਤਰੀਆਂ ਨੂੰ ਕਰਜ਼ਾ ਮੁਆਫ਼ੀ ਪ੍ਰਮਾਣ ਪੱਤਰ ਵੰਡੇ। ਇਸ ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ 4 ਹਜ਼ਾਰ 727 ਪਰਿਵਾਰਾਂ ਦੇ 67 ਕਰੋੜ 84 ਲਖ ਰੁਪਏ ਮੁਆਫ਼ ਕੀਤੇ। ਇਹ ਪ੍ਰੋਗਰਾਮ ਸੂਬਾ ਸਰਕਾਰ ਦੀ ਕਿਸਾਨ ਭਲਾਈ ਨੀਤੀ ਦਾ ਇੱਕ ਅਹਿਮ ਹਿੱਸਾ ਏ, ਜਿਸ ਤਹਿਤ ਕਿਸਾਨਾਂ ਦੀ ਆਰਥਿਕ ਹਾਲਤ ਨੂੰ ਸੁਧਾਰਨ ਲਈ ਕਰਜ਼ੇ ਮੁਆਫ਼ ਕੀਤੇ ਗਏ ਨੇ. ਇਸ ਪਹਿਲਕਦਮੀ ਨਾਲ ਸੂਬੇ ਦੇ ਹਜ਼ਾਰਾਂ ਕਿਸਾਨ ਪਰਿਵਾਰਾਂ ਨੂੰ ਰਾਹਤ ਮਿਲੀ ਏ। ਇਹ ਕਰਜ਼ਾ ਮੁਆਫ਼ੀ ਯੋਜਨਾ ਪੰਜਾਬ ਸਰਕਾਰ ਦੀਆਂ ਤਰਜੀਹਾਂ ਵਿੱਚੋਂ ਇੱਕ ਏ। ਇਸ ਨਾਲ ਨਾ ਸਿਰਫ਼ ਕਿਸਾਨਾਂ ਨੂੰ ਮਾਲੀ ਰਾਹਤ ਮਿਲੀ ਏ ਸਗੋਂ ਉਨ੍ਹਾਂ ਦਾ ਹੌਸਲਾ ਵੀ ਵਧਿਆ ਏ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਆਂ ਕੈਬਿਨੇਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਬਲਜੀਤ ਕੌਰ

ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਇਹ ਕਰਜ਼ਾ ਮੁਆਫ ਕੀਤਾ ਗਿਆ ਅਤੇ ਕਿਸਾਨਾਂ ਨੂੰ NOC ਵੀ ਦਿੱਤੀ ਗਈ ਏ ਤਾਂ ਜੋ ਉਹਨਾਂ ਨੂੰ ਅੱਗੇ ਕਰਜ਼ਾ ਲੈਣ ਵਾਸਤੇ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ- **BYTE - HARPAL SINGH CHEEMA** -

------------------------------------------------

ਆਕਾਸ਼ਵਾਣੀ ਨੇ ਅੱਜ ਆਪਣੇ 90 ਸਾਲ ਪੂਰੇ ਕਰ ਲਏ ਨੇ. 8 ਜੂਨ 1936 ਨੂੰ ਇਸੇ ਦਿਨ Indian State Broadcasting Service ਦਾ ਨਾਂ ਬਦਲ ਕੇ ਆਲ ਇੰਡੀਆ ਰੇਡੀਓ (AIR) ਰੱਖਿਆ ਗਿਆ ਸੀ। ਇਹ ਅਹਿਮ ਦਿਨ ਦੇਸ਼ ਦੇ ਸੱਭਿਆਚਾਰਕ, ਸੂਚਨਾ ਅਤੇ ਪ੍ਰਸਾਰਣ ਇਤਿਹਾਸ ਵਿੱਚ ਇੱਕ ਖਾਸ ਪਲ ਨੂੰ ਦਰਸਾਉਂਦਾ ਏ ਜਿੱਥੇ ਇੱਕ ਆਵਾਜ਼ ਦਾ ਜਨਮ ਹੋਇਆ ਸੀ ਜੋ ਪੀੜ੍ਹੀਆਂ ਤੱਕ ਗੂੰਜਦੀ ਰਹੇਗੀ ।

**ਇੱਕ ਰਿਪੋਰਟ:**

*7 ਜੂਨ 1936 ਨੂੰ, ਆਕਾਸ਼ਵਾਣੀ ਦਾ ਜਾਦੂ ਸ਼ੁਰੂ ਹੋਣ ਤੋਂ ਇੱਕ ਦਿਨ ਪਹਿਲਾਂ, ਆਲ ਇੰਡੀਆ ਰੇਡੀਓ ਦੇ ਉਸ ਸਮੇਂ ਦੇ ਅਧਿਕਾਰਤ ਰਸਾਲੇ, The Indian Listener ਦੇ ਪਹਿਲੇ ਵਰਕੇ 'ਤੇ ਦੁਨੀਆ ਨੂੰ AIR ਦਾ ਐਲਾਨ ਕੀਤਾ ਸੀ .ਸਮਾਂ ਜਿਵੇਂ ਇਥੇ ਹੀ ਰੁਕ ਗਿਆ ਸੀ. ਇੱਕ ਅਜਿਹੇ ਵਿਰਸੇ ਦਾ ਜਨਮ ਹੋਇਆ ਜੋ ਹੁਣ ਵੀ ਜੀਵੰਤ ਏ. ਆਕਾਸ਼ਵਾਣੀ*

ਦਾ ਨਿਮਰ ਦਿੱਲੀ ਸਟੇਸ਼ਨ ਇੱਕ ਅਜਿਹਾ ਕੇਂਦਰ ਬਣ ਗਿਆ ਜਿੱਥੇ ਆਵਾਜ਼ਾਂ ਨੂੰ ਖੰਭ ਮਿਲੇ ਅਤੇ ਇਤਿਹਾਸ ਨੂੰ ਮਾਈਕ ਮਿਲਿਆ। ਇਨ੍ਹਾਂ ਸ਼ਾਂਤ ਕੰਧਾਂ ਤੋਂ ਗੂੰਜ ਉੱਭਰੀ ਜਿਨ੍ਹਾਂ ਨੇ ਇੱਕ ਰਾਸ਼ਟਰ ਨੂੰ ਨੁਹਾਰ ਦਿੱਤੀ ਜੋ ਉਦੋਂ ਤੋਂ ਸਦੀਵੀ, ਰੂਹਾਨੀ ਅਤੇ ਅਭੁੱਲ ਰਿਹਾ ਏ। ਆਜ਼ਾਦੀ ਤੋਂ ਬਾਅਦ, AIR ਤੇਜ਼ੀ ਨਾਲ ਫੈਲਿਆ, 1956 ਵਿੱਚ "ਆਕਾਸ਼ਵਾਣੀ" ਨਾਂ ਅਪਣਾਇਆ ਗਿਆ। ਅੱਜ, ਆਕਾਸ਼ਵਾਣੀ ਵਲੋਂ 591 ਸਟੇਸ਼ਨ ਚਲਾਏ ਜਾਂਦੇ ਨੇ, ਜੋ ਭਾਰਤ ਦੀ 98 ਫੀਸਦੀ ਆਬਾਦੀ ਤੱਕ ਪਹੁੰਚਦੇ ਨੇ, 23 ਭਾਸ਼ਾਵਾਂ ਅਤੇ 146 ਬੋਲੀਆਂ ਵਿੱਚ ਪ੍ਰਸਾਰਣ ਕਰਦੀ ਏ। ਆਕਾਸ਼ਵਾਣੀ ਦਾ External Services Division 100 ਤੋਂ ਵੱਧ ਦੇਸ਼ਾਂ ਵਿੱਚ ਪ੍ਰਸਾਰਣ ਕਰਦਾ ਏ, ਜੋ ਭਾਰਤ ਦੀ ਆਵਾਜ਼ ਨੂੰ ਵਿਸ਼ਵ ਪੱਧਰ 'ਤੇ ਪੇਸ਼ ਕਰਦਾ ਏ ਅਤੇ ਪ੍ਰਵਾਸੀ ਭਾਰਤੀਆਂ ਨਾਲ ਜੁੜਦਾ ਹੈ। "ਬਹੁਜਨ ਹਿਤਾਯੇ, ਬਹੁਜਨ ਸੁਖਾਯੇ" ਦੇ ਆਪਣੇ ਉੱਤਮ ਆਦਰਸ਼ਾਂ 'ਤੇ ਖਰਾ ਉਤਰਦਿਆਂ, ਆਕਾਸ਼ਵਾਣੀ ਦਾ ਸਮਾਚਾਰ ਸੇਵਾ ਡਿਵਿਜ਼ਨ (NSD) ਰੇਡੀਓ ਪ੍ਰਸਾਰਣ ਵਿੱਚ ਸਰ੍ਬਚ ਪੇਸ਼ੇਵਰ ਨੈਤਿਕਤਾ ਅਤੇ ਮਿਆਰਾਂ ਦੀ ਪਾਲਣਾ ਕਰਦਿਆਂ, ਇਸ ਵਿਸ਼ਾਲ ਦੇਸ਼ ਦੇ ਹਰ ਨਿਵਾਸੀ ਨੂੰ ਵੰਨ – ਸੁਵੰਨੇ ਖੇਤਰਾਂ ਵਿੱਚ, ਚੌਵੀ ਘੰਟੇ, ਸਾਰੀਆਂ ਪ੍ਰਮੁੱਖ ਭਾਸ਼ਾਵਾਂ ਅਤੇ ਬੋਲੀਆਂ ਵਿੱਚ ਖ਼ਬਰਾਂ ਅਤੇ ਹੋਰ ਵਿਚਾਰ ਪੂਰਨ ਪ੍ਰੋਗ੍ਰਾਮ ਪੇਸ਼ ਕਰਦਾ ਏ.

-------------------------------------------------------

ਪੰਜਾਬ ਦੇ ਕਿਰਤ ਵਿਭਾਗ ਦੇ ਪ੍ਰਬੰਧਕੀ ਸਕੱਤਰ ਮਨਵੇਸ਼ ਸਿੰਘ ਸਿੱਧੂ ਨੇ ਦੱਸਿਆ ਏ ਕਿ ਕਿਰਤ ਵਿਭਾਗ ਦਾ ਸਾਰਾ ਕੰਮ ਕੰਪਿਊਟਰਾਈਜ਼ਡ ਹੋ ਗਿਆ ਏ । ਪਟਿਆਲਾ ਇੰਡਸਟਰੀਜ਼ ਐਸੋਸੀਏਸ਼ਨ (ਪੀ. ਆਈ. ਏ.) ਵੱਲੋਂ ਕਰਾਏ ਗਏ ਵਿਸ਼ੇਸ਼ ਸੈਮੀਨਾਰ ਦੌਰਾਨ ਓਹਨਾਂ ਇਹ ਜਾਣਕਾਰੀ ਦਿੱਤੀ . ਓਹਨਾਂ ਦੱਸਿਆ ਕਿ ਵਿਭਾਗ ਦੀਆ 50 ਸੇਵਾਵਾਂ ਆਨਲਾਈਨ ਪੋਰਟਲ ਦੇ ਰਾਹੀਂ ਦਿੱਤੀਆਂ ਜਾ ਰਹੀਆਂ ਨੇ ਤੇ ਕਿਸੇ ਅਦਾਰੇ ਨੂੰ ਹੁਣ ਕਿਸੇ ਤਰ੍ਹਾਂ ਦੇ ਦਸਤਾਵੇਜ਼ ਦਫ਼ਤਰਾਂ ਵਿਚ ਆ ਕੇ ਜਮ੍ਹਾ ਕਰਵਾਉਣ ਦੀ ਜ਼ਰੂਰਤ ਨਹੀਂ ਏ ।

-------------------------------------------------------

ਪੰਜਾਬ ਦੇ ਕੈਬਿਨੇਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਇਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਏ ਕਿ, ਪੰਜਾਬ ਵਿੱਚ, ਆਧਾਰ ਕਾਰਡ 'ਤੇ ਮੁਫ਼ਤ ਬੱਸ ਸੇਵਾ ਬੰਦ ਕੀਤੀ ਜਾ ਰਹੀ ਏ। ਉਨ੍ਹਾਂ ਨੇ ਕਿਹਾ ਏ ਕਿ, ਪੰਜਾਬ ਦੀਆਂ ਸਰਕਾਰੀ ਬੱਸਾਂ 'ਚ ਮਹਿਲਾਵਾਂ ਲਈ, ਮੁਫ਼ਤ ਸਫ਼ਰ ਜਾਰੀ ਰਹੇਗਾ। ਕੈਬਿਨੇਟ ਮੰਤਰੀ ਨੇ ਕਿਹਾ ਕਿ ਜੇਕਰ ਕੋਈ ਗਲਤ ਆਧਾਰ ਕਾਰਡ ਪਾਇਆ ਜਾਂਦਾ ਏ ਤਾਂ ਉਹਦੇ ਖਿਲਾਫ ਕਾਰਵਾਈ ਕੀਤੀ ਜਾਏਗੀ ਅਤੇ ਗਲਤ ਆਧਾਰ ਕਾਰਡਾਂ ਦੀ ਜਾਂਚ ਕੀਤੀ ਜਾਏਗੀ। ਉਨ੍ਹਾਂ ਨੇ ਗਲਤ

ਖਬਰਾਂ ਲਾਉਣ ਵਾਲੇ ਮੀਡੀਆ ਅਦਾਰਿਆਂ ਦੀ ਤਾੜਨਾ ਵੀ ਕੀਤੀ ਅਤੇ ਕਿਹਾ ਕਿ ਸਹੀ ਜਾਣਕਾਰੀ ਤੋਂ ਬਿਨਾਂ ਕੋਈ ਖਬਰ ਨਾ ਲਾਈ ਜਾਵੇ।
BYTE

-----------------------------------------------

ਮੌਸਮ ਵਿਭਾਗ ਨੇ ਅਗਲੇ 5 ਤੋਂ 6 ਦਿਨਾਂ ਦੌਰਾਨ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਮੌਸਮ ਖੁਸ਼ਕ ਰਹਿਣ ਦੀ ਪੇਸ਼ੀਨਗੋਈ ਕੀਤੀ ਏ. ਅਗਲੇ 3 ਦਿਨਾਂ ਦੌਰਾਨ ਵੱਧ ਤੋਂ ਵੱਧ ਤਾਪਮਾਨ 'ਚ 3 ਤੋਂ 4 ਡਿਗਰੀ ਸੈਲਸੀਅਸ ਦਾ ਵਾਧਾ ਹੋ ਸਕਦਾ ਏ. 9 ਤੋਂ 11 ਜੂਨ ਦੌਰਾਨ, ਵੱਧ ਤੋਂ ਵੱਧ ਤਾਪਮਾਨ 43 - 45 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਸੰਭਾਵਨਾ ਏ ਜਿਸ ਨਾਲ ਲੂਅ ਚਲਣ ਦੀ ਸੰਭਾਵਨਾ ਏ।

-----------------------------------------------

- ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਏ ਕਿ ਖੇਤੀਬਾੜੀ ਸੈਕਟਰ ਦੇ ਵਿਕਾਸ ਲਈ ਆਸਾਨੀ ਨਾਲ ਕਾਸ਼ਤ ਕੀਤੇ ਜਾਣ ਵਾਲੇ ਫਲਾਂ ਅਤੇ ਫਸਲਾਂ ਦੀ ਭਿੰਨਤਾ ਜ਼ਰੂਰੀ ਏ।
- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਅੰਮ੍ਰਿਤਸਰ ‘ਚ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕ ਵੱਲੋਂ ਮੁਆਫ਼ ਕੀਤੇ ਗਏ ਕਰਜ਼ਿਆਂ ਦੇ ਲਾਭਪਾਤਰੀਆਂ ਨੂੰ ਕਰਜ਼ਾ ਮੁਆਫ਼ੀ ਪ੍ਰਮਾਣ ਪੱਤਰ ਵੰਡੇ।

- ਆਕਾਸ਼ਵਾਣੀ ਨੇ ਅੱਜ ਆਪਣੇ 90 ਸਾਲ ਪੂਰੇ ਕਰ ਲਏ ਨੇ.
- ਪੰਜਾਬ ਸਰਕਾਰ ਦਾ ਕਿਰਤ ਵਿਭਾਗ 100 ਫ਼ੀਸਦੀ ਹੋਇਆ ਆਨਲਾਈਨ.
- ਮੌਸਮ ਵਿਭਾਗ ਨੇ ਅਗਲੇ 5 ਤੋਂ 6 ਦਿਨਾਂ ਦੌਰਾਨ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਲੂਅ ਚਲਣ ਦੀ ਪੇਸ਼ੀਨਗੋਈ ਕੀਤੀ ਏ।